# THE PUNJAB STATE BOARD OF TECHNICAL EDUCATION AND INDUSTRIAL TRAINING

PLOT NO. 1-A, SEC. 36-A, CHANDIGARH PH. : 615385, 622584-85 FAX : 660734


**ਕੋਰੀਜੰਡਮ/ਸੋਧ ਪੱਤਰ**

ਨੰ.ਪੀ.ਐਸ.ਬੀ/ਆਈ.ਟੀ/15/3313 ਮਿਤੀ: 1/10/15

ਸੇਵਾ ਵਿਖੇ,

ਪ੍ਰਿੰਸੀਪਲ,
ਸਮੂਹ ਆਈ.ਟੀ.ਆਈ/ਆਈ.ਟੀ.ਸੀ(ਇ:)/ਪ੍ਰਾਈਵੇਟ ਆਈ.ਟੀ.ਸੀ,
ਟੀਚਰ ਟ੍ਰੇਨਿੰਗ ਸੰਸਥਾਵਾਂ
ਪੰਜਾਬ ਰਾਜ ਅਧੀਨ।

ਵਿਸ਼ਾ: **ਆਈ.ਟੀ.ਆਈ ਸੰਸਥਾਵਾਂ ਵਿੱਚ ਸੈਸ਼ਨ ਅਗਸਤ/ਸਤੰਬਰ 2015 ਵਿੱਚ ਕਰਾਫਟਸਮੈਨ ਸਕੀਮ ਅਧੀਨ, ਆਰਟ ਐਂਡ ਕਰਾਫਟ ਟੀਚਰ ਟ੍ਰੇਨਿੰਗ ਕੋਰਸ ਅਤੇ ਐਡਵਾਂਸ ਮਡੀਓਲ (ਛੇ ਮਹੀਨੇ ਦੇ ਕੋਰਸ) ਵਿੱਚ ਦਾਖਲ ਹੋਏ ਸਿਖਿਆਰਥੀਆਂ ਦੀਆਂ ਡਾਇਰੈਕਟੋਰੇਟ ਤੋਂ ਵੈਰੀਫਾਈਡ ਲਿਸਟਾਂ, ਰਜਿਸਟਰੇਸ਼ਨ ਫਾਰਮ ਅਤੇ ਰਜਿਸਟਰੇਸ਼ਨ ਫੀਸ, ਆਨਲਾਇਨ ਕਾਉਂਸਲਿੰਗ ਫੀਸ ਬੋਰਡ ਦਫਤਰ ਵਿਖੇ ਜਮਾਂ ਕਰਵਾਉਣ ਸਬੰਧੀ।**

ਹਵਾਲਾ: **ਇਸ ਦਫਤਰ ਦਾ ਪੱਤਰ ਨੰ. ਪੀ.ਐਸ.ਬੀ/ਆਈ.ਟੀ/15/3217 ਮਿਤੀ :29/9/2015 ਦੇ ਸਬੰਧ ਵਿੱਚ।**

ਉਪਰੋਕਤ ਵਿਸ਼ੇ ਸਬੰਧੀ ਹਵਾਲਾ ਅਧੀਨ ਪੱਤਰ ਦੀ ਲਗਾਤਾਰਤਾ ਵਿੱਚ ਸ੍ਰੀ ਆਰ.ਪੀ.ਸਿੰਘ, ਸਹਾਇਕ ਡਾਇਰੈਕਟਰ (ਟ੍ਰੇਨਿੰਗ) ਨਾਲ ਹੋਏ ਵਿਚਾਰ ਵਟਾਂਦਰੇ ਵਿੱਚ ਉਹਨਾਂ ਦਸਿਆ ਹੈ ਕਿ ਆਨ ਲਾਇਨ ਦਾਖਲੇ ਦੀ ਪ੍ਰੋਸੈਸਿੰਗ ਫੀਸ ਵਿਦਿਆਰਥੀਆਂ/ਸੰਸਥਾਵਾਂ ਤੋਂ ਦਾਖਲਾ ਵੈਰੀਫਿਕੇਸ਼ਨ ਸਮੇਂ ਇੱਕਠੀ ਕਰ ਲਈ ਗਈ ਹੈ ਜੋ ਇੱਕਠੀ ਬੋਰਡ ਨੂੰ ਭੇਜ ਦਿੱਤੀ ਜਾਵੇਗੀ। ਇਸ ਦੇ ਮੱਦੇ ਨਜ਼ਰ ਸਮੂਹ ਸੰਸਥਾਵਾਂ ਦੇ ਪ੍ਰਿੰਸੀਪਲਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਬੋਰਡ ਵਿੱਚ ਬਿਨਾਂ ਆਨ ਲਾਇਨ ਦਾਖਲੇ ਦੀ ਪ੍ਰੋਸੈਸਿੰਗ ਫੀਸ ਦੇ ਬਾਕੀ ਨਿਰਧਾਰਿਤ ਫੀਸ ਭਾਵ 150/- ਰੁਪਏ ਪ੍ਰਤੀ ਸਿਖਿਆਰਥੀ ਹਵਾਲਾ ਅਧੀਨ ਪੱਤਰ ਅਨੁਸਾਰ ਹੀ ਜਮਾਂ ਕਰਵਾਈ ਜਾਵੇ।

**ਇਸ ਤੋਂ ਇਲਾਵਾ ਐਸ.ਸੀ.ਵੀ.ਟੀ ਸਿਖਿਆਰਥੀਆਂ ਦੀ ਐਡਮਿਸ਼ਨ ਸਲਿਪ ਤੇ ਪ੍ਰਿੰਸੀਪਲ ਵੱਲੋਂ ਤਸਦੀਕ ਸ਼ੁਦਾ ਫੋਟੋ ਲਗਾਈ ਜਾਵੇ ਅਤੇ ਪ੍ਰਿੰਸੀਪਲ ਦੁਆਰਾ ਤਸਦੀਕ Alphabetic/ਐਡਮੀਸ਼ਨ ਲਿਸਟ ਅਨੁਸਾਰ ਕ੍ਰਮਵਾਰ ਲਗਾ ਕੇ ਜਮਾਂ ਕਰਵਾਈ ਜਾਵੇ।**

ਕੰਟਰੋਲਰ ਪ੍ਰੀਖਿਆਵਾਂ(ਆਈ.ਟੀ)

ਉਪਰੋਕਤ ਦਾ ਉਤਾਰਾ ਕੰਟਰੋਲਰ (ਵਿੱਤ ਅਤੇ ਲੇਖਾ) ਤਕਨੀਕੀ ਸਿਖਿਆ ਬੋਰਡ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ।

ਕੰਟਰੋਲਰ ਪ੍ਰੀਖਿਆਵਾਂ(ਆਈ.ਟੀ.ਆਈ)